# ਸ਼ੇਖਚਿਲੀ

ਇਕ ਵਾਰ ਸ਼ੇਖਚਿਲੀ ਇਕ ਦਰੱਖਤ ਉਤੇ ਬੈਠਾ ਇਕ ਟਾਹਣਾ ਕੱਟ ਰਿਹਾ ਸੀ । ਸ਼ੇਖਚਿਲੀ ਜੋ ਟਾਹਣੇ ਉਪਰ ਬੈਠਾ ਸੀ, ਉਸੇ ਟਾਹਣੇ ਨੂੰ ਕੱਟ ਰਿਹਾ ਸੀ ।ਇਕ ਰਾਹੀ ਉਸ ਨੂੰ ਕਹਿੰਦਾ ਕਿ ਤੂੰ ਜਿਸ ਟਾਹਣੇ ਉਪਰ ਬੈਠਾ ਉਹੀ ਕੱਟ ਰਿਹਾ, ਇਸ ਲਈ ਤੂੰ ਨੀਚੇ ਗਿਰ ਪੱਏ ਗਾ ।ਸ਼ੇਖਚਿਲੀ ਨੇ ਉਸ ਰਾਹੀ ਦੀ ਇਕ ਨਾ ਸੁਣੀ, ਤੇ ਟਾਹਣਾ ਕੱਟਦਾ ਗਿਆ । ਰਾਹੀ ਅਜੇ ਥੋੜੀ ਦੂਰ ਹੀ ਗਿਆ ਸੀ ਕਿ ਸ਼ੇਖਚਿਲੀ ਨੇ ਟਾਹਣਾ ਕੱਟ ਦਿਤਾ ਅਤੇ ਨੀਚੇ ਟਾਹਣੇ ਦੇ ਨਾਲ ਹੀ ਗਿਰ ਪਿਆ ।ਸ਼ੇਖਚਿਲੀ ਨੂੰ ਬਹੁਤ ਹੈਰਾਨੀ ਹੋਈ । ਉਹ ਭੱਜਕੇ ਜਾਕੇ ਉਸ ਰਾਹੀ ਦੇ ਮੋਡਿਆ ਤੇ ਚੜ ਕੇ ਬੈਠ ਗਿਆ ।ਰਾਹੀ ਨੂੰ ਸ਼ੇਖਚਿਲੀ ਕਹਿਣ ਲੱਗਿਆ ਕਿ ਤੈਨੂੰ ਬਹੁਤ ਜਾਣਕਾਰੀ ਹੈ । ਤੂੰ ਇਹ ਦੱਸ ਕਿ ਮੈ ਕਿਸ ਦਿੱਨ ਮੱਰਾਗਾ । ਉਸ ਰਾਹੀ ਨੇ ਖੈੜਾ ਛੁੱਡਾਉਣ ਲਈ ਕਹਿ ਦਿਤਾ ਕਿ ਤੂੰ ਸੱਤ ਦਿੱਨਾ ਤੱਕ ਮਰ ਜਾਵੇਗਾ ।ਸ਼ੇਖਚਿਲੀ ਇਹ ਸੁਣਕੇ ਸੱਚ ਮੰਨ ਗਿਆ ਅਤੇ ਮੱੜੀਆਂ ਵਿਚ ਜਾਕੇ ਮੱਰਨ ਤੋ ਪਹਿਲਾ ਹੀ ਸੌਅ ਗਿਆ ।

ਸੱਤ ਦਿਨਾ ਬਾਅਦ ਸ਼ੇਖਚਿਲੀ ਮੱਰਿਆ ਹੀ ਨਹੀ । ਸੱਤਵੇ ਦਿਨ ਸ਼ੇਖਚਿਲੀ ਨੂੰ ਚਾਰ ਚੋਰ ਮਿਲੇ । ਸ਼ੇਖਚਿਲੀ ਚੋਰਾ ਨਾਲ ਰਲ ਗਿਆ । ਉਹ ਪੰਜੇ ਜਾਣੇ ਇਕ ਪਿੰਡ ਵਿਚ ਚੋਰੀ ਕਰਨ ਚਲੇ ਗਏ । ਉਹਨਾ ਨੇ ਇਕ ਬੁੜੀ ਦੇ ਘਰੇ ਜਾਕੇ ਪਾੜ ਲਗਾ ਲਿਆ ।ਬੁੜੀ ਦੇ ਘਰ ਵਿਚ ਖੀਰ ਰਿਨੀ ਪਈ ਸੀ । ਚਾਰ ਚੋਰ ਬੁੜੀ ਦੇ ਘਰ ਚੋਰੀ ਕਰਨ ਲੱਗ ਪਏ ।ਸ਼ੇਖਚਿਲੀ ਦੀ ਨਿਗ੍ਹਾ ਰਿਨੀ ਹੋਈ ਖੀਰ ਉਪਰ ਪਈ ।ਸ਼ੇਖਚਿਲੀ ਸੱਤ ਦਿਨਾ ਤੋ ਭੁਖਾ ਸੀ ।ਸ਼ੇਖਚਿਲੀ ਨੇ ਖੀਰ ਗਰਮ ਕਰ ਲਈ । ਫਿਰ ਸ਼ੇਖਚਿਲੀ ਨੇ ਦੇਖਿਆ ਕਿ ਬੁੜੀ ਆਪਣਾ ਹੱਥ ਰਜਾਈ ਵਿਚੋ ਬਾਹਰ ਕੱਢ ਕੇ ਬਾਹਰ ਹੱਥ ਲਟਕਾਈ ਪਈ ਸੌ ਰਹੀ ਸੀ ।ਸ਼ੇਖਚਿਲੀ ਨੇ ਸੋਚਿਆ ਕਿ ਸਾਇਦ ਬੁੜੀ ਵੀ ਭੁਖੀ ਪਈ ਹੈ ਅਤੇ ਖੀਰ ਮੰਗ ਰਹੀ ਹੈ ।ਸ਼ੇਖਚਿਲੀ ਨੇ ਗਰਮ-ਗਰਮ ਖੀਰ ਦੀ ਕੱੜਸੀ ਭਰ ਕੇ ਬੁੜੀ ਦੇ ਹੱਥ ਉਤੇ ਪਾ ਦਿਤੀ । ਬੁਢੀ ਨੇ ਰੌਲਾ ਪਾ ਦਿਤਾ ਕਿ ਚੋਰ ਲੋਕੋ ਚੋਰ।

ਇਨੇ ਨੂੰ ਚਾਰੇ ਚੋਰਾ ਨੇ ਬੁੜੀ ਨੂੰ ਮੰਜੇ ਉਪਰ ਹੀ ਕੱਪੜੇ ਨਾਲ ਬੰਨ ਲਿਆ । ਚਾਰੇ ਚੋਰ ਬੁੜੀ ਦੇ ਮੰਜੇ ਨੂੰ ਚਾਰੇ ਪਾਵੇਆ ਤੋ ਚੁਕ ਕੇ ਤੁਰ ਪਏ ।ਸ਼ੇਖਚਿਲੀ ਨੂੰ ਬੁੜੀ ਦੇ ਘਰ ਪਏ ਮੋਰ ਦੇ ਖੰਭ ਦਿਖੇ ਅਤੇ ਸ਼ੇਖਚਿਲੀ ਨੇ ਉਹ ਖੰਭ ਚੁਕ ਕੇ ਬੁੜੀ ਦੇ ਮੰਜੇ ਪਿਛੇ ਚੌਰ ਝੁਲਣ ਲੱਗਿਆ । ਚਾਰੇ ਚੋਰ ਬੁੜੀ ਨੂੰ ਚੁਕ ਕੇ ਪਿੰਡ ਵਿਚੋ ਬਾਹਰ ਲਿਆ ਰਹੇ ਸੀ ।ਪਿਛੇ-ਪਿਛੇ ਸ਼ੇਖਚਿਲੀ ਮੋਰ

ਦੇ ਖੰਭ ਹਿਲਾ ਰਿਹਾ ਸੀ ।ਬੁੜੀ ਰੌਲਾ ਪਾ ਰਹੀ ਸੀ ਕਿ ਚੋਰ ਲੋਕੋ ਚੋਰ। ਪਰ ਬੁੜੀ ਦੀ ਆਵਾਜ ਚੋਰਾ ਨੇ ਲੋਕਾ ਤੱਕ ਨਾ ਪਹੁਚਣ ਦਿਤੀ । ਚੋਰ ਵੀ ਉੱਚੀ-ਉੱਚੀ ਕਹਿਣ ਲੱਗੇ, "ਮਾਈ ਸੱਚ ਕਹਿੰਦੀਆ - ਮਾਈ ਸੱਚ ਕਹਿੰਦੀਆ"। ਚਾਰੇ ਚੋਰ ਅਤੇ ਸੇਖਚਿਲੀ ਬੁੜੀ ਨੂੰ ਪਿੰਡ ਦੇ ਬਾਹਰ ਇਕ ਟੋਬੇ ਤੇ ਸਿਟ ਕੇ ਭੱਜ ਗਏ ।

ਫਿਰ ਸ਼ੇਖਚਿਲੀ ਇਕ ਸਾਧੂ ਨਾਲ ਮਿਲ ਗਿਆ । ਸਾਧੂ ਸੇਖਚਿਲੀ ਨੂੰ ਕਹਿੰਦਾ ਕਿ ਤੂੰ ਪਹਿਲਾ ਚੋਰੀਆ ਛੱਡ। ਸ਼ੇਖਚਿਲੀ ਚੋਰੀਆ ਕਰਨੀਆ ਛੱਡ ਗਿਆ। ਸਾਧ ਅਤੇ ਸ਼ੇਖਚਿਲੀ ਇਕ ਪਿੰਡ ਵਿੱਚ ਚਲੇ ਗਏ । ਉਥੇ ਉਹਨਾ ਨੂੰ ਰਾਤ ਪੈ ਗਈ । ਦੋਨੋ ਜਾਣੇ ਬਾਹਰ ਇਕ ਖੇਤ ਚ' ਸੌ ਗਏ । ਰਾਤ ਨੂੰ ਸ਼ੇਖਚਿਲੀ ਨੂੰ ਭੁਖ ਲੱਗੀ । ਸ਼ੇਖਚਿਲੀ ਨੇ ਦੇਖਿਆ ਕਿ ਸਾਧ ਤਾ ਸੌ ਰਿਹਾ ।ਸ਼ੇਖਚਿਲੀ ਉਠਿਆ ਅਤੇ ਪਿੰਡ ਵਿਚ ਚੋਰੀ ਕਰਨ ਚੱਲਿਆ ਗਿਆ । ਸ਼ੇਖਚਿਲੀ ਨੇ ਇਕ ਦਰਵਾਜਾ ਖੋਲਿਆ, ਉਸ ਘਰ ਅੰਦਰ ਇਕ ਗਰੀਬ ਬੁਢੀ ਬਿਮਾਰ ਅਤੇ ਭੁਖੀ ਪਈ ਸੀ।ਸ਼ੇਖਚਿਲੀ ਵਿਚਾਰਾ ਦੇਖ ਕੇ ਬਹੁਤ ਦੁਖੀ ਹੋਇਆ । ਫਿਰ ਸ਼ੇਖਚਿਲੀ ਨੇ ਇਕ ਚੰਗੇ ਜਿਹੇ ਘਰ ਵਿਚ ਪਾੜ ਲਾਇਆ । ਉਸ ਘਰ ਚ' ਇੱਕ ਮੋਟੇ ਸੇਠ ਦੀ ਦੁਕਾਨ ਸੀ । ਸ਼ੇਖਚਿਲੀ ਨੇ ਇਕ ਘਿਉ ਦਾ ਪੀਪਾ ਚੱਕਿਆ ਅਤੇ ਇਕ ਆਟੇ ਦੀ ਬੋਰੀ ਚੁਕੀ ਤੇ ਉਸ ਬੁਡੀ ਦੇ ਘਰ ਛੱਡ ਆਇਆ। ਬੁਢੀ ਬਹੁਤ ਖੁਸ ਹੋਈ । ਸ਼ੇਖਚਿਲੀ ਆ ਕੇ ਉਸ ਸਾਧ ਕੋਲ ਭੁਖਾ ਹੀ ਸੌ ਗਿਆ । ਸੁਭਾ ਹੋਈ ਤੇ ਫਿਰ ਸਾਧ ਅਤੇ ਸ਼ੇਖਚਿਲੀ ਉਸ ਪਿੰਡ ਤੋ ਅੱਗਲੇ ਪਿੰਡ ਵੱਲ ਤੁਰ ਪਏ । ਦਿਨੇ ਦੁਪਿਹਰ ਨੂੰ ਬਹੁਤ ਧੁਪ ਸੀ । ਸੂਰਜ ਤੱਪ ਰਿਹਾ ਸੀ । ਪਰ ਇਕ ਛੋਟੀ ਜਿਹੀ ਬੱਦਲੀ ਦੋਨਾ ਸਾਧੂ ਅਤੇ ਸ਼ੇਖਚਿਲੀ ਤੇ ਛਾ ਕਰ ਰਹੀ ਸੀ । ਜਿਧਰ ਨੂੰ ਸਾਧ ਅਤੇ ਸ਼ੇਖਚਿਲੀ ਤੁਰਦੇ ਉਧਰ ਨੂੰ ਹੀ ਬੱਦਲੀ ਚਲੀ ਜਾਦੀ । ਸਾਧ ਨੂੰ ਬਹੁਤ ਹੈਰਾਨੀ ਹੋਈ । ਸਾਧ ਨੇ ਸੋਚਿਆ ਕਿ ਕਦੇ ਅੱਗੇ ਤਾ ਇਸ ਤਰਾ ਬੱਦਲੀ ਨੇ ਛੌ ਨਹੀ ਕੀਤੀ । ਸਾਧ ਨੇ ਸ਼ੇਖਚਿਲੀ ਨੂੰ ਕਿਹਾ ਕਿ ਆਪਾ ਅਲੱਗ-ਅਲੱਗ ਤੁਰਕੇ ਦੇਖੀਏ ਕਿ ਇਹ ਬੱਦਲੀ ਕਿਸ ਉਪਰ ਜਾਵੇਗੀ । ਜਦੋ ਸਾਧ ਅਤੇ ਸ਼ੇਖਚਿਲੀ ਇਕ ਦੂਜੇ ਤੋ ਦੂਰ ਹੋਏ ਤਾ ਬੱਦਲੀ ਸ਼ੇਖਚਿਲੀ ਉਪਰ ਚੱਲੀ ਗਈ । ਸਾਧ ਨੂੰ ਬਹੁਤ ਹੈਰਾਨੀ ਹੋਈ। ਸਾਧ ਨੇ ਸ਼ੇਖਚਿਲੀ ਨੂੰ ਬੁਲਾ ਕੇ ਪੁਛਿਆ ਕਿ ਤੂੰ ਸੱਚ-ਸੱਚ ਦੱਸ ਕਿ ਰਾਤ ਤੂੰ ਕੀ ਕੀਤਾ ਸੀ ।ਸ਼ੇਖਚਿਲੀ ਨੇ ਸਾਫ-ਸਾਫ ਦੱਸ ਦਿਤਾ । ਸਾਧ ਨੇ ਇਹ ਸਿਟਾ ਕੱਢਿਆ ਕਿ ਗਰੀਬਾ ਉਤੇ ਤੱਰਸ ਕਰਨ ਨਾਲ ਰੱਬ ਖੁਸ ਹੁੰਦਾ ਹੈ।

ਸਿਟਾ: ਗਰੀਬਾ ਉਪਰ ਦਿਆ ਕਰਨਾ ਚਾਹੀਦਾ ।

**Archived at:** www.geocities.com/new_punjabi_songs
**Written by:** Dr. Sarjinder Singh, Assistant Professor, St. Cloud State University, St. Cloud, MN, USA
**Note: All opinions are of author's own.**

**August 2007**